**Shikshan Sanshodhan : Journal of Arts, Humanities and Social Sciences** ISSN: 2581-6241 Volume - 4, Issue - 8, Aug - 2021
Monthly, Peer-Reviewed, Refereed, Indexed Journal Impact Factor: 3.871
Received on : 01/08/2021 Accepted on : 14/08/2021 Publication Date:31/08/2021

# ਸ਼ਹਿਰੀਕਰਨ ਅਤੇ ਬਸਤੀਆਂ ਦਾ ਵਿਸਥਾਰ

**Manvi Arora**
Senior Research Fellow, Department of Economics, Punjabi University Patiala, Punjab, India.
Email - arora.manvi72@yahoo.com

***ਸੰਖੇਪ:*** *ਸ਼ਹਿਰੀਕਰਨ ਕਿਸੇ ਵੀ ਦੇਸ਼ ਦੇ ਆਰਥਿਕ ਵਿਕਾਸ ਦਾ ਇੱਕ ਮਹੱਤਵਪੂਰਨ ਚਿੰਨ੍ਹ ਹੈ। ਜੇਕਰ ਸ਼ਹਿਰੀਕਰਨ ਸਹੀ ਢੰਗ ਨਾਲ ਹੋਵੇ ਤਾਂ ਉਹ ਦੇਸ਼ ਆਰਥਿਕ ਵਿਕਾਸ ਵਿੱਚ ਵਾਧਾ ਕਰਦਾ ਹੈ ਪਰੰਤੂ ਆਪਣੇ ਇਸ ਖੋਜ ਪਰਚੇ ਵਿੱਚ ਮੈਂ ਭਾਰਤ ਵਿੱਚ ਗਲਤ ਢੰਗ ਨਾਲ ਹੋ ਰੇਹ ਸ਼ਹਿਰੀਕਰਨ ਅਤੇ ਉਸਦੇ ਬੁਰੇ ਪ੍ਰਭਾਵਾਂ ਦਾ ਅਧਿਐਨ ਕੀਤਾ ਹੈ। ਅਸਫਲ ਸ਼ਹਿਰੀਕਰਨ ਦਾ ਸਭ ਤੋਂ ਵੱਡਾ ਸਿੱਟਾ ਬਸਤੀਆਂ ਦਾ ਗਠਨ ਹੈ। ਇਸ ਲਈ ਇਸ ਖੋਜ ਪਰਚੇ ਵਿੱਚ ਮੈਂ ਇਸ ਨੂੰ ਸਪਸ਼ੱਟ ਕਰਨ ਲਈ ਇਸ ਦਾ ਸੰਬੰਧ ਵਧਦੀ ਆਬਾਦੀ, ਪੇਂਡੂ-ਸ਼ਹਿਰੀ ਪ੍ਰਵਾਸ, ਕਰਮਚਾਰੀਆਂ ਦੇ ਵਿਵਸਾਹਿਕ ਵਰਗੀਕਰਨ, ਰਸਮੀ ਅਤੇ ਗੈਰ-ਰਸਮੀ ਰੁਜ਼ਗਾਰ ਆਦਿ ਨਾਲ ਕੀਤਾ ਹੈ। ਇਸ ਦੇ ਨਾਲ-ਨਾਲ ਮੈਂ ਬਸਤੀਆਂ ਦੇ ਵਸਨੀਕਾਂ ਦੀ ਵਧਦੀ ਜਨਸੰਖਿਆ ਤੇ ਚਾਨਣਾ ਪਾਂਦੇ ਹੋਏ ਸਰਕਾਰ ਦਾ ਸ਼ਹਿਰੀ ਵਿਕਾਸ ਉੱਤੇ ਘੱਟਦੇ ਯੋਜਨਾਤਮ ਖਰਚੇ ਦਾ ਵੀ ਅਧਿਐਨ ਕੀਤਾ ਹੈ। ਇਸ ਤੋਂ ਇਲਾਵਾ ਭਾਰਤ ਦੇ ਭਿੰਨ-ਭਿੰਨ ਰਾਜਾਂ ਵਿੱਚਿ ਬਸਤੀਆਂ ਦਾ ਵੇਰਵਾ ਵੀ ਦਿੱਤਾ ਹੈ ਅਤੇ ਅੰਤ ਵਿੱਚ ਇਸ ਸਮੱਸਿਆ ਨੂੰ ਸੁਲਝਾਉਣ ਲਈ ਨੀਤੀ ਸੁਝਾਅ ਵੀ ਦਿੱਤੇ ਦੇ ਹਨ।*

***ਮੁੱਖ ਸ਼ਬਦ:*** *ਸ਼ਹਿਰੀਕਰਨ, ਜਨਸੰਖਿਆ, ਆਰਥਿਕ ਵਿਕਾਸ, ਬਸਤੀਆਂ, ਹਾਊਸਿੰਗ ਸਕੀਮਾਂ ਨੀਤੀ ਸੁਝਾਅ।*

## 1. ਭੂਮਿਕਾ :

ਸ਼ਹਿਰੀਕਰਨ ਨੂੰ ਆਰਥਿਕ ਵਿਕਾਸ ਦਾ ਇੱਕ ਨਿਰਧਾਰਕ ਅਤੇ ਸਿੱਟਾ ਮੰਨਿਆ ਜਾਂਦਾ ਹੈ। ਜਿਵੇਂ ਕਿ ਕਿਸੇ ਦੇਸ਼ ਵਿੱਚ ਆਰਥਿਕ ਤਬਦੀਲੀਆਂ ਆਉਂਦੀਆਂ ਹਨ ਸ਼ਹਿਰੀਕਰਣ ਵਧਦਾ ਹੈ। ਇਸ ਲਈ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਸ਼ਹਿਰੀਕਰਣ ਅਤੇ ਆਰਥਿਕ ਵਿਕਾਸ ਆਪਸ ਵਿੱਚ ਸੰਬੰਧ ਰੱਖਦੇ ਹਨ। ਸ਼ਹਿਰਾਂ ਨੂੰ ਤਾਂ ਆਰਥਿਕ ਵਿਕਾਸ ਦਾ ਇੰਜਣ ਵੀ ਮੰਨਿਆ ਜਾਂਦਾ ਹੈ। ਪਰੰਤੂ ਜੇਕਰ ਸ਼ਹਿਰੀਕਰਨ ਠੀਕ ਢੰਗ ਨਾਲ ਨਾ ਹੋਵੇ ਤਾਂ ਇਸਦੇ ਸਿੱਟੇ ਬਸਤੀਆਂ ਦੇ ਰੂਪ ਵਿੱਚ ਦੇਖਣ ਨੂੰ ਮਿਲਦੇ ਹਨ। ਜੇਕਰ ਅਸੀਂ ਵਿਕਸਿਤ ਦੇਸ਼ਾਂ ਦੀ ਗੱਲ ਕਰੀਏ ਤਾਂ ਉੱਥੇ ਅੱਧੀ ਤੋਂ ਜ਼ਿਆਦਾ ਜਨਸੰਖਿਆ ਸ਼ਹਿਰਾਂ ਵਿੱਚ ਰਹਿੰਦੀ ਹੈ ਅਤੇ ਬਸਤੀਆਂ ਦੀ ਜ਼ਿਆਦਾ ਸਮੱਸਿਆ ਨਹੀਂ ਪਾਈ ਜਾਂਦੀ ਇਸਦੇ ਉਲਟ ਵਿਕਾਸਸ਼ੀਲ ਦੇਸ਼ਾਂ ਵਿੱਚ ਪੇਂਡੂ-ਸ਼ਹਿਰੀ ਪ੍ਰਵਾਸ ਜ਼ਿਆਦਾ ਹੋਣ ਕਰਨ ਅਤੇ ਬਸਤੀਆਂ ਦੀ ਵੀ ਵੱਡੀ ਸਮੱਸਿਆ ਪਾਈ ਜਾਂਦੀ ਹੈ। ਜਿਸ ਨੂੰ ਯੂ.ਐਨ.ਹੈਬਿਟਾ ਨੇ ਆਪਣੀ ਰਿਪੋਰਟ ਦੇ ਅੰਕੜਿਆਂ ਵਿੱਚ ਵੀ ਦਰਸਾਇਆ ਹੈ।

**ਟੇਬਲ 1: ਸੰਸਾਰ ਦੇ ਵਿਭਿਨ ਆਰਥਿਕ ਦੇਸ਼ਾਂ ਦੀ ਕੁੱਲ, ਸ਼ਹਿਰੀ ਅਤੇ ਸ਼ਹਿਰੀ ਬਸਤੀਆਂ ਦੀ ਜਨਸੰਖਿਆ:**

**(ਮਿਲਿਯਨ 'ਚ)**

| ਦੇਸ਼ | ਕੁੱਲ ਜਨਸੰਖਿਆ | ਸ਼ਹਿਰੀ ਜਨਸੰਖਿਆ | ਸ਼ਹਿਰੀ ਬਸਤੀਆਂ ਦੀ ਜਨਸੰਖਿਆ |
|---|---|---|---|
| ਸੰਸਾਰ | 6134.000 | 2926.000 | 924.000 |
| ਵਿਕਸਿਤ ਦੇਸ਼ | 1194.000 | 902.000 | 54.000 |
| ਵਿਕਾਸਸ਼ੀਲ | 4940.000 | 2022.000 | 870.000 |
| ਅਲਪ ਵਿਕਸਿਤ | 685.000 | 179.000 | 140.000 |
| ਭਾਰਤ | 1025.096 | 285.608 | 158.418 |

(ਸਰੋਤ: ਯੂ.ਐਨ.ਹੈਬਿਟੇਟ, 2001)

ਉਪਰਲੇ ਟੇਬਲ 1 ਤੋਂ ਇਹ ਸਪਸ਼ੱਟ ਹੁੰਦਾ ਹੈ ਕਿ ਵਿਕਸਿਤ ਅਤੇ ਅਲਪ ਵਿਕਸਿਤ ਦੇਸ਼ਾਂ ਵਿੱਚ ਤਾਂ ਇਸਦੀ ਬਹੁਤ ਘੱਟ ਸਮੱਸਿਆ ਪਾਈ ਜਾਂਦੀ ਹੈ ਕਿਉਂਕਿ ਵਿਕਸਿਤ ਦੇਸ਼ ਵਿੱਚ ਸ਼ਹਿਰੀਕਰਣ ਦੀਆਂ ਵਧੀਆ ਨੀਤੀਆਂ ਅਪਣਾਈਆਂ ਜਾਂਦੀਆਂ ਹਨ ਅਤੇ ਅਲਪ ਵਿਕਸਿਤ ਦੇਸ਼ਾਂ ਵਿੱਚ ਵਿਕਾਸ ਦੀ ਦਰ ਬਹੁਤ ਘੱਟ ਹੋਣ ਕਾਰਨ ਲੋਕ ਸ਼ਹਿਰਾਂ ਵੱਲ ਪ੍ਰਵਾਸ ਨਹੀਂ ਕਰਦੇ ਪਰੰਤੂ ਜਿਹੜੇ ਦੇਸ਼ ਆਰਥਿਕ ਪ੍ਰਗਤੀ ਵੱਲ ਵੱਧ ਰਹੇ ਹਨ। ਉੱਥੇ ਇਸਦੀ ਜ਼ਿਆਦਾ ਸਮੱਸਿਆ ਪਾਈ ਜਾਂਦੀ ਹੈ ਜੋ ਕਿ ਉਪਰਲੇ ਟੇਬਲ ਤੋਂ ਪਤਾ ਚੱਲਦਾ ਹੈ ਕਿ ਵਿਕਾਸਸ਼ੀਲ ਦੇਸ਼ਾਂ ਵਿੱਚ ਬਸਤੀਆਂ ਵਿੱਚ ਰਹਿਣ ਵਾਲੀ ਜਨਸੰਖਿਆ 870 ਮਿਲਿਅਨ ਹੈ ਜੋ ਵਿਕਸਿਤ ਦੇਸ਼, ਜਿੱਥੇ 54 ਮਿਲੀਅਨ ਹੈ ਤੋਂ ਬਹੁਤ ਜ਼ਿਆਦਾ ਹੈ। ਭਾਰਤ ਵੀ ਵਿਕਾਸਸ਼ੀਲ ਦੇਸ਼ਾ ਵਿੱਚੋਂ ਹੈ। ਇੱਥੇ ਵੀ ਬਸਤੀਆਂ ਵਸਨੀਕਾਂ ਦੀ ਸੰਖਿਆ ਬਹੁਤ ਜ਼ਿਆਦਾ ਹੈ।

ਇੱਥੋ ਤੱਕ ਕਿ ਏਸ਼ੀਆ ਦੀ ਸਭ ਤੋਂ ਵੱਡੀ ਬਸਤੀ ਧਾਰਣੀ ਭਾਰਤ ਵਿੱਚ ਹੀ ਪਾਈ ਜਾਂਦੀ ਹੈ। ਸੰਸਾਰ ਦੀਆਂ ਵੱਡੀਆਂ ਬਸਤੀਆਂ ਸਾਰੇ ਵਿਕਾਸਸ਼ੀਲ ਦੇਸ਼ਾਂ ਵਿੱਚ ਹੀ ਪਾਈਆਂ ਜਾਂਦੀਆਂ ਹਨ ਇਹਨਾਂ ਦਾ ਵੇਰਵਾ ਹੇਠ ਲਿਖੇ, ਟੇਬਲ 2, ਅਨੁਸਾਰ ਹੈ ਜੋ ਯੂ.ਐਨ.ਹੈਬਿਟੇਟ, 2003 ਦੁਆਰਾ ਦਰਸਾਇਆ ਗਿਆ ਹੈ।

**ਟੇਬਲ 2: ਸੰਸਾਰ ਦੀਆਂ ਵੱਡੀਆਂ ਬਸਤੀਆਂ:**

| ਬਸਤੀਆਂ ਦੇ ਨਾਂ | ਦੇਸ਼ |
|---|---|
| - ਧਾਰਵੀ | ਮੁੰਬਈ, ਭਾਰਤ |
| - ਕਾਈਬੇਰਾ | ਨਰੋਬੀ, ਕੀਨੀਆ |
| - ਵਿਲਾ-ਈ-ਸੇਲਵੇਡੋਰ | ਲੀਮਾ, ਪੀਰੂ |
| - ਓਰੰਗੀ | ਕਰਾਚੀ, ਪਾਕਿਸਤਾਨ |
| - ਆਸ਼ਾਈਮਾਨ | ਈਮਾ, ਘਾਨਾ |

ਜੇਕਰ ਅਸੀਂ ਭਾਰਤੀ ਦੀ ਆਜ਼ਾਦੀ ਤੋਂ ਬਾਅਦ ਦੀ ਗੱਲ ਕਰੀਏ ਤਾਂ 1951-61 ਦੇ ਦਹਾਕੇ ਵਿੱਚ ਜ਼ਿਆਦਾਤਰ ਲੋਕ ਪਿੰਡਾਂ ਵਿੱਚ ਰਹਿਦੇ ਸਨ ਅਤੇ ਖੇਤੀਬਾੜੀ ਨਾਲ ਜੁੜੇ ਹਨ। ਫਿਰ 1961 ਵਿੱਚ ਹਰੀ ਕ੍ਰਾਂਤੀ ਦੇ ਆਉਣ ਨਾਲ ਲੋਕਾਂ ਦਾ ਖੇਤੀ ਵਿੱਚ ਰੁਝਾਨ ਬਣਿਆ ਰਿਹਾ। ਪਰ ਦੂਜੀ ਅਤੇ ਤੀਜੀ ਪੰਜ ਸਲਾਨਾ ਯੋਜਨਾ ਨੇ ਉਦਯੋਗਾਂ ਦੇ ਵਿਕਾਸ ਵੱਲ ਧਿਆਨ ਦਿੱਤਾ ਕਿਉਂਕਿ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦਾ ਇਹ ਮੰਨਣਾ ਸੀ ਕਿ ਉਦਯੋਗਾਂ ਦੇ ਵਿਕਾਸ ਤੋਂ ਬਿਨਾਂ ਦੇਸ਼ ਦਾ ਆਰਥਿਕ ਵਿਕਾਸ ਅਸੰਭਵ ਹੈ ਅਤੇ ਦੂਜੇ ਪਾਸੇ ਦੇਸ਼ ਦੀ ਜਨਸੰਖਿਆ ਤੇਜ਼ੀ ਨਾਲ ਵੱਧ ਰਹੀ ਸੀ ਅਤੇ ਖੇਤੀ ਨਾਲ ਗੁਜ਼ਾਰਾ ਕਰਨਾ ਔਖਾ ਹੋ ਰਿਹਾ ਸੀ। ਫਿਰ ਭਾਰਤ ਵਿੱਚ ਉਦਯੋਗਿਕ ਰੁਜ਼ਗਾਰ ਅਤੇ ਆਰਥਿਕ ਵਿਕਾਸ ਵਧਿਆ ਅਤੇ ਲੋਕ ਚੰਗੇ ਰੁਜ਼ਗਾਰ ਦੀ ਉਮੀਦ ਵਿੱਚ ਸ਼ਹਿਰਾਂ ਵਿੱਚ ਪ੍ਰਵਾਸ ਕਰਨ ਲੱਗੇ। ਭਾਰਤ ਨੇ 1991 ਵਿੱਚ ਵੱਲਡ ਬੈਂਕ ਅਤੇ ਆਈ. ਐਮ.ਐੱਫ ਦੀ ਨਵੀਂ ਆਰਥਿਕ ਨੀਤੀ ਨੂੰ ਅਪਣਾਇਆ ਜਿਸ ਨਾਲ ਦੇਸ਼ ਵਿੱਚ ਵਿਦੇਸ਼ੀ ਕੰਪਨੀਆਂ ਵੀ ਆ ਕੇ ਨਿਵੇਸ਼ ਕਰਨ ਲੱਗੀਆਂ ਅਤੇ ਸ਼ਹਿਰਾਂ ਵਿੱਚ ਰੁਜ਼ਗਾਰ ਵਧਿਆ ਪਰੰਤੂ ਸ਼ਹਿਰਾਂ ਵਿੱਚ ਪ੍ਰਵਾਸ ਕਰਨ ਵਾਲੇ ਮਜ਼ਦੂਰਾਂ ਦੀ ਪੂਰਤੀ ਉਹਨਾਂ ਦੀ ਮੰਗ ਤੋਂ ਜ਼ਿਆਦਾ ਹੋਈ ਜਿਵੇਂ ਕੀ ਟੋਡਾਰੋ ਨੇ ਵੀ ਆਪਣੇ ਗ੍ਰੰਥ ਮਾਡਲ ਵਿੱਚ ਦੱਸਿਆ ਹੈ ਕਿ ਰੁਜ਼ਗਾਰ ਦੀ ਉਮੀਦ ਨਾਲ ਪੇਂਡੂ-ਸ਼ਹਿਰੀ ਪ੍ਰਵਾਸ ਵੱਧਦਾ ਹੈ ਅਤੇ ਨਾਲ-ਨਾਲ ਹੀ ਸ਼ਹਿਰੀ ਬੇਰੁਜ਼ਗਾਰੀ ਵਿੱਚ ਵੀ ਵਾਧਾ ਹੁੰਦਾ ਹੈ ਸ਼ਹਿਰਾਂ ਵਿੱਚ ਪ੍ਰਵਾਸ ਕੀਤੇ ਲੋਕ ਘਰਾਂ ਦੀ ਮੰਗ ਕਰਦੇ ਹਨ ਪਰੰਤੂ ਸਰਕਾਰ ਦੀਆਂ ਹਾਊਸਿੰਗ ਨੂੰ ਲੈ ਕੇ ਪ੍ਰਭਾਵਹੀਣ ਨੀਤੀਆਂ ਕਰਕੇ ਘਰਾਂ ਦੀ ਪੂਰਤੀ ਘੱਟ ਹੁੰਦੀ ਹੈ ਅਤੇ ਦੂਜੇ ਪਾਸੇ ਜ਼ਮੀਨਾਂ ਦੀਆਂ ਅਸਾਧਾਰਨ ਉੱਚੀਆਂ ਕੀਮਤਾਂ ਕਾਰਨ ਬੇਰੁਜ਼ਗਾਰ ਲੋਕਾਂ ਕੋਲ ਬਸਤੀਆਂ ਵਿੱਚ ਰਹਿਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੁੰਦਾ।

**ਆਰਥਿਕ ਵਿਕਾਸ ਕਾਰਨ ਸ਼ਹਿਰਾਂ ਵਿੱਚ**




ਭਾਰਤ ਦੀ ਵੀ ਸ਼ਹਿਰੀਕਰਨ ਦਿਨ ਪ੍ਰਤੀ ਦਿਨ ਵਧਦਾ ਹੀ ਜਾ ਰਿਹਾ ਹੈ। ਭਾਤਰੀ ਜਨਗਣਨਾ, 2011 ਦੇ ਅਨੁਸਾਰ ਸ਼ਹਿਰਾਂ ਵਿੱਚ ਰਹਿਣ ਵਾਲੇ ਲੋਕਾਂ ਦੀ ਆਬਾਦੀ 377.1 ਮਿਲਿਅਨ ਹੈ ਅਤੇ ਇਹ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਇਹ 2030 ਤੱਕ 600 ਮਿਲਿਅਨ ਹੋ ਜਾਵੇਗੀ। ਵਧਦੀ ਹੋਈ ਜਨਸੰਖਿਆ ਅਤੇ ਸ਼ਹਿਰੀਕਰਨ ਦੀ ਸਮੱਸਿਆ ਦਾ ਮੁੱਖ ਪਰਿਣਾਮ ਵਾਤਾਵਰਣ ਵਿੱਚ ਵੱਧ ਰਿਹਾ ਪ੍ਰਦੂਸ਼ਣ ਹੈ ਜੋ ਕਿ 21ਵੀਂ ਸਦੀ ਵਿੱਚ ਸਾਰੇ ਸੰਸਾਰ ਦੀ ਸਭ ਤੋਂ ਵੱਡੀ ਚੁਣੌਤੀ ਹੈ। ਸਟਾਕਹੋਲਮ ਇਨ੍ਰਿਸਟਿਟੂਟ ਆਫ ਇਨ੍ਰਇਰਨਮਿਫਟ ਸਟਡੀਜ਼ ਨੇ ਇਹ ਅਨੁਮਾਨ ਲਗਾਇਆ ਹੈ ਕਿ 2025 ਤੱਕ ਲਗਭਗ ਸੰਸਾਰ ਦੀ ਦੋ-ਤੀਹਾਈ ਜਨਸੰਖਿਆ ਨੂੰ ਪਾਣੀ ਦੀ ਘਾਟ ਦਾ ਸਾਹਮਣਾ ਕਰਨਾ ਪਵੇਗਾ। ਦੂਜੇ ਪਾਸੇ ਬਸਤੀਆਂ ਦੇ ਵਸਨੀਕ ਬਹੁਤ ਹੀ ਗੰਦੇ ਹਲਾਤਾਂ ਵਿੱਚ ਰਹਿੰਦੇ ਹਨ ਅਤੇ ਨਾਸ਼ਕ ਬਿਮਾਰੀਆਂ ਨੂੰ ਜਨਮ ਦਿੰਦੇ ਹਨ ਜਿਵੇਂ ਕਿ HIV-AIDS ਜੇਕਰ ਇਸੇ ਤਰ੍ਹਾਂ ਹੀ ਚੱਲਦਾ ਰਿਹਾ ਤਾਂ ਵਿਕਾਸਸ਼ੀਲ ਦੇਸ਼ਾਂ ਲਈ ਯੂ. ਐੱਨ ਦੇ ਮਿਲੇਨਿਅਮ ਡਿਵੇਲਪ੍ਮਨ੍ਟ ਟੀਚਿਆਂ ਨੂੰ ਸਾਧਣਾ ਅਸੰਭਵ ਹੋ ਜਾਵੇਗਾ।

## 2. ਸਾਹਿਤ ਦਾ ਸਰਵੇਖਣ:

ਵੱਖ-ਵੱਖ ਸਮੇਂ ਵਿੱਚ ਖੋਜਾਰਥੀਆਂ ਨੇ ਸ਼ਹਿਰੀਕਰਣ ਨੂੰ ਲੈ ਕੇ ਆਪਣੇ ਵਿਚਾਰ ਦਿੱਤੇ ਹਨ।

**ਟੰਗਰੀ (1968)** ਨੇ ਆਪਣੇ ਖੋਜ ਪਰਚੇ ਵਿੱਚ ਇਹ ਅਧਿਐਨ ਕੀਤਾ ਹੈ ਕਿ ਜਨਸੰਖਿਆ ਦੀ ਤੇਜ ਵਾਧਾ ਦਰ ਅਤੇ ਵੱਡੇ ਪੱਧਰ ਤੇ ਪੇਂਡੂ-ਸ਼ਹਿਰੀ ਪ੍ਰਵਾਸ ਹੀ ਸ਼ਹਿਰਾਂ ਵਿੱਚ ਤੀਬਰ ਭੀੜ, ਬੇਰੁਜ਼ਗਾਰੀ ਅਤੇ ਕਿੱਲਤ ਦੇ ਮੁੱਖ ਕਾਰਨ ਹਨ ਕਿਉਂਕਿ ਵਧੀਆ ਰੁਜ਼ਗਾਰ ਪਾਉਣ ਲਈ ਪਿੰਡਾਂ ਤੋਂ ਸ਼ਹਿਰਾਂ ਵਿੱਚ ਮਜ਼ਦੂਰਾਂ ਦੀ ਪੂਰਤੀ ਉਹਨਾਂ ਦੀ ਮੰਗ ਨਾਲੋਂ ਕਾਫੀ ਵੱਧ ਜਾਂਦੀ ਹੈ ਜਿਸਦੇ ਸਿੱਟੇ ਵਜੋਂ ਸ਼ਹਿਰਾਂ ਵਿੰਚ ਬਸਤੀਆਂ ਦਾ ਗਠਨ ਹੁੰਦਾ ਹੈ। ਸਰਕਾਰ ਦੀਆਂ ਨੀਤੀਆਂ ਬਸਤੀਆਂ ਨੂੰ ਖ਼ਤਮ ਕਰਨ ਵਿੱਚ ਪ੍ਰਭਾਵਹੀਣ ਹਨ ਇਸ ਲਈ ਸਰਕਾਰ ਅੱਜ ਕੱਲ ਬਸਤੀਆਂ ਨੂੰ ਖਤਮ ਕਰਨ ਦੀ ਬਜਾਏ ਬਸਤੀਆਂ ਦੇ ਸੁਧਾਰ ਵੱਲ ਲੱਗੀ ਹੋਈ ਹੈ।

**ਭੱਟ (1972)** ਨੇ ਆਪਣੇ ਖੋਜ ਪਰਚੇ ਵਿੱਚ 1941-65 ਦੇ ਹਾਊਸਿੰਗ ਗਣਨਾ ਦੇ ਅੰਕੜਿਆ ਨੂੰ ਵਰਤਕੇ ਗੁਜਰਾਤ ਦੇ ਅਹਿਮਦਾਬਾਦ ਵਿੱਚ ਵੱਧ ਰਹੀ ਸ਼ਹਿਰੀਕਰਣ ਦੀ ਸਮੱਸਿਆ ਦਾ ਅਧਿਐਨ ਕੀਤਾ। ਮਨੁੱਖੀ ਪੂੰਜੀ ਵਿੱਚ ਹਾਊਸਿੰਗ ਤੇ ਨਿਵੇਸ਼ ਇੱਕ ਉਤਪਾਦਕ ਨਿਵੇਸ਼ ਮੰਨਿਆ ਜਾਂਦਾ ਹੈ ਕਿਉਂਕਿ ਇਸਦਾ ਉਸ ਮਨੁੱਖ ਦੀ ਸਿਹਤ ਅਤੇ ਕੁਸ਼ਲਤਾ ਉੱਤੇ ਗਹਿਰਾ ਪ੍ਰਭਾਵ ਹੁੰਦਾ ਹੈ। ਪਰ ਭਾਰਤ ਵਿੱਚ ਹਾਊਸਿੰਗ ਦੇ ਵਿਕਾਸ ਨੂੰ ਰੋਕਣ ਵਾਲੇ, ਕਾਰਕ, ਜਿਵੇਂ ਕਿ ਜ਼ਮੀਨਾਂ ਦੀਆਂ ਕੀਮਤਾਂ ਵਿੱਚ ਵਾਧਾ, ਉਸਾਰੀ ਦੇ ਸਮਾਨ ਦੀਆਂ ਕੀਮਤਾਂ ਵਿੱਚ ਵਾਧਾ ਅਤੇ ਜ਼ਮੀਨਾਂ ਦਾ ਕਿਆਸ, ਵਧ ਰਹੇ ਸਨ ਜਿਸਦੇ ਸਿੱਟੇ ਵਜੋਂ ਸ਼ਹਿਰਾਂ ਵਿੱਚ ਬਸਤੀਆਂ ਦੀ ਉਤਪਤੀ ਹੋ ਰਹੀ ਹੈ। ਇਸ ਲਈ ਸ਼ਹਿਰੀ ਸਿੱਖਿਆ ਕੇਂਦਰ ਨੂੰ ਇਸ ਤਰ੍ਹਾਂ ਦੀ ਸਮੱਸਿਆ ਵੱਲ ਸੰਗੀਨ ਧਿਆਨ ਦੇਣਾ ਚਾਹੀਦਾ ਹੈ ਅਤੇ ਢੁਕਵੇਂ ਸੁਝਾਅ ਲੱਭਣੇ ਚਾਹੀਦੇ ਹਨ।

**ਸਿਵਮ ਅਤੇ ਕਰੁਪੱਨਨ (2002)** ਨੇ ਆਪਣੇ ਖੋਜ ਪਰਚੇ ਵਿੱਚ ਘੱਟ ਆਮਦਨ ਵਰਗ ਨੂੰ ਹਾਊਸਿੰਗ ਮੁਹਾਇਆ ਕਰਵਾਉਣ ਵਿੱਚ ਸਰਕਾਰ ਦੀਆਂ ਅਸਫਲ ਨੀਤੀਆਂ ਨੂੰ ਦਰਸਾਇਆ ਹੈ। ਉਹਨਾਂ ਨੇ ਇਹ ਵੀ ਹਾਈਲਾਈਟ ਕੀਤਾ ਹੈ ਕਿ ਸਰਕਾਰ ਕੇਵਲ ਵਿਭਾਜਿਤ ਪ੍ਰੋਗਰਾਮ ਅਤੇ ਯੋਜਨਾਵਾਂ, ਜਿਵੇਂ ਕਿ ਹਾਊਸਿੰਗ ਸਕੀਮ ਫੌਰ ਇਨ੍ਡਸਟ੍ਰੀਅਲ ਵਰਕਰ, ਸਕੀਮ ਫੌਰ ਲੋ ਇਨ੍ਕਮ ਗਰੁੱਪ ਆਦਿ, ਸ਼ੁਰੂ ਕਰ ਦਿੰਦੀ ਹੈ ਪਰ ਇਹਨਾਂ ਦੀ ਕਵਰੇਜ ਸ਼ਹਿਰੀ ਜਨਸੰਖਿਆ ਦੀ ਲੋੜ ਅਨੁਸਾਰ ਬਹੁਤ ਘੱਟ ਹੁੰਦੀ ਹੈ ਜਿਸਦੇ ਸਿੱਟੇ ਵਜੋਂ ਬਸਤੀਆਂ ਦੀ ਉਤਪਤੀ ਹੁੰਦੀ ਹੈ।

**ਕੁਮਾਰ ਅਤੇ ਅੱਗਰਵਾਲ (2008)** ਨੇ ਆਪਣੇ ਖੋਜ ਪਰਚੇ ਵਿੱਚ ਮੱਧ ਪ੍ਰਦੇਸ਼ ਦੇ ਗਵਾਲੀਅਰ ਜ਼ਿਲ੍ਹੇ ਦੇ 486 ਹਾਊਮ੍ਹੋਲਡ ਦਾ ਪ੍ਰਾਇਮਰੀ ਸਰਵੇ ਕਰਕੇ ਵੱਧ ਰਹੀਆਂ ਸ਼ਹਿਰੀ ਬਸਤੀਆਂ ਦੀ ਸਮੱਸਿਆ ਦਾ ਅਧਿਐਨ ਕੀਤਾ ਹੈ। ਇਸ ਪਰਚੇ ਦਾ ਮੁੱਖ ਉਦੇਸ਼ ਬਸਤੀਆਂ ਵਿੱਚ ਰਹਿ ਰਹੇ ਲੋਕਾਂ ਦੀ ਗਰੀਬੀ ਅਤੇ ਰੁਜ਼ਗਾਰੀ ਦਰਜੇ ਦਾ ਅਧਿਐਨ ਕਰਨਾ ਵੀ ਸੀ ਅਤੇ ਇਹਨਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਵੱਧਦਾ ਸ਼ਹਿਰੀਕਰਣ ਅਤੇ ਪੇਂਡੂ-ਸ਼ਹਿਰੀ ਪ੍ਰਵਾਸ ਹੀ ਵਧਦੀਆਂ ਬਸਤੀਆਂ ਦਾ ਕਾਰਨ ਹੈ। ਇਹਨਾਂ ਬਸਤੀਆਂ ਵਿੱਚ ਜ਼ਿਆਦਾਤਰ ਲੋਕ ਦਿਹਾੜੀ ਤੇ ਕੰਮ ਕਰਦੇ ਹਨ ਅਤੇ ਅਨੁਸੂਚਿਤ ਜਾਤੀਆਂ ਨਾਲ ਸੰਬੰਧ ਰੱਖਦੇ ਹਨ। ਇਹਨਾਂ ਬਸਤੀਆਂ ਵਿੱਚ 2004-05 ਦੀ ਗਰੀਬੀ ਰੇਖਾ ਅਨੁਸਾਰ 79% ਗਰੀਬੀ ਪਾਈ ਜਾਂਦੀ ਹੈ।

**ਅਰਬਨ ਪਾਵਰਟੀ ਰਿਪੋਰਟ (2009)** ਨੇ ਇਹ ਅਨੁਮਾਨ ਲਗਾਇਆ ਹੈ ਕਿ 2030 ਤੱਕ ਸ਼ਹਿਰਾਂ ਵਿੱਚ ਰਹਿਣ ਵਾਲੀ ਜਨਸੰਖਿਆ 31.21 (ਭਾਰਤੀ ਜਨਗਣਨਾ, 2011) ਤੋਂ ਵੱਧ ਕੇ 41% ਹੋ ਜਾਵੇਗੀ। ਉਸ ਸਮੇਂ ਜ਼ਿਆਦਾ ਗਰੀਬੀ ਸ਼ਹਿਰਾਂ ਵਿੱਚ ਕੇਂਦਰਿਤ ਹੋਵੇਗੀ ਅਤੇ ਬਸਤੀਆਂ ਦਾ ਵਿਸਥਾਰ ਵਧੇਗਾ। ਬਸਤੀਆਂ ਵਿੱਚ ਰਹਿਣ ਵਾਲੇ ਲੋਕ ਗੈਰ-ਰਸਮੀ ਕੰਮਾਂ ਵਿੱਚ ਲੱਗੇ ਹੋਣਗੇ। ਜਿਹਨਾਂ ਵਿੱਚ ਘੱਟ ਮਜ਼ਦੂਰੀ ਅਤੇ ਬੇਦਖਲੀ ਦਾ ਡਰ ਬਣਿਆ ਰਹੇਗਾ। ਦੂਜੇ ਪਾਸੇ ਜ਼ਮੀਨਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਣ ਕਾਰਨ ਬਸਤੀਆਂ ਦਾ ਹੋਰ ਵਿਸਥਾਰ ਹੋਵੇਗਾ।

## 3. ਮੁੱਖ ਉਦੇਸ਼:

ਇਹ ਖੋਜ ਪਰਚੇ ਦੇ ਹੇਠ ਲਿਖੇ ਮੁੱਖ ਉਦੇਸ਼ ਹਨ:

1. ਵੱਧਦੀ ਆਬਾਦੀ ਅਤੇ ਪੇਂਡੂ-ਸ਼ਹਿਰੀ ਪ੍ਰਵਾਸ ਦਾ ਸ਼ਹਿਰੀਕਰਣ 'ਤੇ ਹੋ ਰਹੇ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਨਾ।
2. ਬਸਤੀਆਂ ਦੀ ਉਤਪਤੀ ਦੇ ਕਾਰਨਾਂ ਦੀ ਜਾਂਚ ਕਰਨਾ।
3. ਸ਼ਹਿਰੀਕਰਣ ਅਤੇ ਹਾਊਸਿੰਗ ਦੇ ਸੰਬੰਧ ਦਾ ਅਧਿਐਨ ਕਰਨਾ।
4. ਬਸਤੀਆਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਢੁਕਵੇਂ ਨੀਤੀ ਸੁਝਾਅ ਦੇਣਾ।

## 4. ਅੰਕੜੇ ਅਤੇ ਵਿਧੀ :

ਇਹ ਖੋਜ ਪਰਚਾ ਜ਼ਿਆਦਾਤਰ ਸੈਕੰਡਰੀ ਅੰਕੜਿਆ ਤੇ ਆਧਾਰਿਤ ਹੋਵੇਗਾ ਜੋ ਕੀ ਨੈਸ਼ਨਲ ਸੈਮਪਲ ਸਰਵੇ ਓਰ੍ਗਨਿਐਏਜੇਸ਼ਨ, ਭਾਰਤੀ ਜਨਗਣਨਾ, ਪ੍ਲੈਨਿੰਗ ਕਮਿਸ਼ਨ ਤੇ ਅਰਬਨ ਡਿਵੇਲਪ੍ਮਨ੍ਟ ਰਿਪੋਰਟ, ਰਜਿਸਟਰਾਰ ਜਨਰਲ ਆਫ ਇੰਡੀਆ ਅਤੇ ਹੋਰ ਢੁਕਵੇਂ ਸਰੋਤਾਂ ਤੋਂ ਇੱਕਠੇ ਕੀਤੇ ਗਏ ਹਨ। ਇਹਨਾਂ ਅੰਕੜਿਆਂ ਦਾ

Shikshan Sanshodhan : Journal of Arts, Humanities and Social Sciences ISSN: 2581-6241 Volume - 4, Issue - 8, Aug - 2021
Monthly, Peer-Reviewed, Refereed, Indexed Journal Impact Factor: 3.871
Received on : 01/08/2021 Accepted on : 14/08/2021 Publication Date:31/08/2021

ਉਚਿਤ ਵਿਸ਼ਲੇਸ਼ਣ ਕਰਨ ਲਈ ਢੁਕਵੀਂ ਵਿਧੀ ਅਪਣਾਈ ਗਈ ਹੈ ਤਾਂ ਜੋ ਕਿ ਉੱਪਰ ਦਿੱਤੇ ਹੋਏ ਉਦੇਸ਼ਾਂ ਦੀ ਪ੍ਰਾਪਤੀ ਹੋ ਸਕੇ ਅਤੇ ਉਸ ਮੁਤਾਬਕ ਢੁਕਵੇਂ ਸੁਝਾਅ ਦਿੱਤੇ ਜਾ ਸਕਣ।

**ਟੇਬਲ 3: ਭਾਰਤ ਦੀ ਆਬਾਦੀ**

| ਸਾਲ | ਕੁੱਲ ਜਨਸੰਖਿਆ (ਲੱਖਾਂ 'ਚ) | ਪੇਂਡੂ ਆਬਾਦੀ (ਪ੍ਰਤੀਸ਼ਤ 'ਚ) | ਸ਼ਹਿਰੀ ਆਬਾਦੀ (ਪ੍ਰਤੀਸ਼ਤ 'ਚ) | ਕਸਬਿਆਂ ਦੀ ਗਿਣਤੀ |
|---|---|---|---|---|
| 1951 | 3610.88 | 82.7 | 17.3 | 2043 |
| 1961 | 4392.34 | 82 | 18 | 2365 |
| 1971 | 5481.59 | 80.1 | 19.9 | 2590 |
| 1981 | 6833.29 | 76.7 | 23.3 | 3378 |
| 1991 | 8464.21 | 74.3 | 25.7 | 4689 |
| 2001 | 10287.37 | 72.2 | 27.8 | 5161 |
| 2011 | 12105.69 | 68.8 | 31.2 | 7935 |

(ਸਰੋਤ: ਭਾਰਤੀ ਜਨਗਣਨਾ, 2011)

ਉੱਪਰ ਦਿੱਤੇ ਟੇਬਲ 3 ਅਨੁਸਾਰ ਆਬਾਦੀ ਵਜੋਂ ਭਾਰਤ ਵਿੱਚ ਸੰਸਾਰ ਵਿੱਚ ਦੂਜੇ ਪੱਧਰ ਤੇ ਹੈ। ਇਸ ਨੇ ਸੰਸਾਰ ਦੀ 2.4 ਪ੍ਰਤੀਸ਼ਤ ਜ਼ਮੀਨ ਉੱਤੇ ਕਬਜ਼ਾ ਕੀਤਾ ਹੈ ਪਰ ਜੇਕਰ ਅਸੀਂ ਆਬਾਦੀ ਵਜੋਂ ਦੇਖੀਏ ਤਾਂ ਭਾਰਤ ਦਾ ਹਿੱਸਾ ਦੁਨੀਆ ਦੀ ਕੁੱਲ ਆਬਾਦੀ ਵਿੱਚ 17 ਪ੍ਰਤੀਸ਼ਤ ਹੈ। ਭਾਰਤ ਵਿੱਚ ਆਜ਼ਾਦੀ ਤੋਂ ਬਾਅਦ ਜਨਸੰਖਿਆ ਮਹੱਤਵਪੂਰਨ ਸਮੱਸਿਆ ਨਹੀਂ ਸੀ ਕਿਉਂਕਿ ਜਨਮ-ਦਰ ਅਤੇ ਮੌਤ ਦਰ ਲਗਭਗ ਬਰਾਬਰ ਹੀ ਸਨ ਪਰ ਲਗਾਤਾਰ ਹਸਪਤਾਲਾਂ ਦਾ ਵਿਸਥਾਰ ਹੋਣ ਕਾਰਨ ਮੌਤ ਦਰ ਰੁਕ ਗਈ ਪਰੰਤੂ ਜਨਮ ਦਰ ਉਸੇ ਤਰ੍ਹਾਂ ਹੀ ਰਹੀ ਜਿਸ ਨਾਲ 1980 ਤੱਕ ਜਨਸੰਖਿਆ ਭਾਰਤ ਲਈ ਇੱਕ ਵੱਡੀ ਚੁਣੌਤੀ ਬਣ ਚੁੱਕੀ ਸੀ। ਇਸ ਲਈ ਵੱਧਦੀ ਜਨਸੰਖਿਆ ਨੂੰ ਕਾਬੂ ਕਰਨ ਲਈ ਸਰਕਾਰ ਨੇ 1991 ਤੋਂ ਬਾਅਦ ਪਰਿਵਾਰ ਨਿਯੋਜਨ ਦੀਆਂ ਨੀਤੀਆਂ ਨੂੰ ਸਖ਼ਤੀ ਨਾਲ ਅਪਣਾਇਆ ਪਰੰਤੂ ਅੱਜ ਵੀ ਭਾਰਤ ਦੀ ਆਬਾਦੀ 121 ਕਰੋੜ ਹੈ ਜੋ ਕਿ ਇੱਕ ਮੁੱਖ ਚੁਣੋਤੀ ਬਣ ਚੁੱਕੀ ਹੈ।

ਭਾਰਤ ਵੀ ਦੁਨੀਆ ਦੇ ਵਿਕਾਸਸ਼ੀਲ ਦੇਸ਼ਾਂ ਵਿੱਚੋਂ ਇੱਕ ਹੈ ਜਿੱਥੇ ਆਰਥਿਕ ਵਿਕਾਸ ਲਗਾਤਾਰ ਵੱਧ ਰਿਹਾ ਹੈ ਅਤੇ ਲੋਕ ਰੁਜ਼ਗਾਰ ਲਈ ਸ਼ਹਿਰਾਂ ਵੱਲ ਪ੍ਰਵਾਸ ਕਰ ਰਹੇ ਹਨ। 1951 ਵਿੱਚ ਸ਼ਹਿਰੀ ਆਬਾਦੀ ਕੁੱਲ ਜਨਸੰਖਿਆ ਦਾ 17.3 ਪ੍ਰਤੀਸ਼ਤ ਸੀ ਜੋ ਹੁਣ ਵੱਧ ਕੇ 31.2 ਪ੍ਰਤੀਸ਼ਤ ਹੋ ਗਈ ਅਤੇ ਇਹ ਵੀ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ 2030 ਤੱਕ ਇਹ ਵੱਧ ਕੇ 41% ਹੋ ਜਾਵੇਗੀ ਇਸਦੇ ਮੁੱਖ ਕਾਰਨ ਸ਼ਹਿਰੀਕਰਣ ਦੀਆਂ ਥਿਊਰੀਆ ਵਿੱਚੋਂ ਪੱਤਾ ਚੱਲਦੇ ਹਨ ਜਿਵੇਂ ਅਰਬਨ ਬਾਇਸ ਥਿਊਰੀ (ਲਿਪਟਨ, 1984) ਦਰਸਾਉਂਦੀ ਹੈ ਕਿ ਸਰਕਾਰ ਦੀਆਂ ਨੀਤੀਆਂ ਮੇਟਰੋਪੋਲਿਟਨ ਖੇਤਰ ਪੱਖ ਵਿੱਚ ਹੁੰਦੀਆਂ ਹਨ ਇਸ ਲਈ ਵਧੀਆ ਰੁਜ਼ਗਾਰ ਦੀ ਉਮੀਦ ਵਿੱਚ ਪੇਂਡੂ ਜਨਸੰਖਿਆ ਸ਼ਹਿਰਾਂ ਵਿੱਚ ਪ੍ਰਵਾਸ ਕਰਦੀ ਹੈ। ਇਸਦਾ ਦੂਜਾ ਪਹਿਲੂ ਥਿਊਰੀ ਆਫ ਇਕਨਾਮਿਕ ਡਿਪੇਨ੍ਡਨ੍ਸੀ (ਲਿਡੋਗਰ, 1975) ਦਰਸਾਉਂਦੀ ਹੈ ਕਿ ਵਿਦੇਸ਼ੀ ਨਿਵੇਸ਼ ਨੇ ਕਿਸਾਨਾਂ ਦੀ ਉਪਲਬੱਧ ਜ਼ਮੀਨ ਨੂੰ ਘਟਾ ਕੇ ਉਹਨਾਂ ਨੂੰ ਸ਼ਹਿਰੀ ਖੇਤਰ ਵੱਲ ਪ੍ਰਵਾਸ ਕਰਨ ਲਈ ਮਜ਼ਬੂਰ ਕੀਤਾ ਹੈ। ਭਾਰਤ ਵਿੱਚ ਸ਼ਹਿਰੀਕਰਨ ਦੀ ਵੱਧਦੀ ਜਨਸੰਖਿਆ ਦਾ ਅਨੁਮਾਨ ਵੱਧ ਰਹੀ ਕਸਬਿਆ ਦੀ ਗਿਣਤੀ ਤੋਂ ਵੀ ਲਗਾਇਆ ਜਾ ਸਕਦਾ ਹੈ ਜੋ ਕਿ 1951 ਵਿੱਚ 2043 ਸਨ ਅਤੇ 2011 ਵਿੱਚ ਵੱਧ ਕੇ 7935 ਹੋ ਗਏ ਹਨ ਕਿਉਂਕਿ ਸ਼ਹਿਰਾਂ ਵਿੱਚ ਜ਼ਮੀਨਾਂ ਦੀ ਕੀਮਤਾਂ ਜ਼ਿਆਦਾ ਹੋਣ ਕਾਰਨ ਅਤੇ ਹਾਊਸਿੰਗ ਦੀ ਘੱਟ ਪੂਰਤੀ ਹੋਣ ਕਾਰਨ ਬਸਤੀਆਂ ਦੀ ਉਤਪਤੀ ਕਸਬਿਆਂ ਤੋਂ ਹੀ ਸ਼ੁਰੂ ਹੁੰਦੀ ਹੈ ਅਤੇ ਪੇਂਡੂ-ਸ਼ਹਿਰੀ ਪ੍ਰਵਾਸ ਨੂੰ ਬਸਤੀਆਂ ਦੇ ਗਠਨ ਦਾ ਮੁੱਖ ਕਾਰਨ ਵੀ ਮੰਨਿਆ ਜਾਂਦਾ ਹੈ।

**ਟੇਬਲ 4: ਭਾਰਤ ਵਿੱਚ ਕਰਮਚਾਰੀਆਂ ਦਾ ਵਿਵਸਾਹਿਕ ਵਰਗੀਕਰਨ:**

**(ਪ੍ਰਤੀਸ਼ਤ 'ਚ)**

| ਜਨਗਣਨਾ ਸਾਲ | ਪ੍ਰਾਇਮਰੀ | ਸੈਕੰਡਰੀ | ਟਕੁਸ਼ਰੀ | ਕੁੱਲ |
|---|---|---|---|---|
| 1951 | 72.1 | 10.7 | 17.2 | 100 |
| 1961 | 71.8 | 12.2 | 16.0 | 100 |
| 1971 | 72.2 | 11.2 | 16.7 | 100 |
| 1981 | 68.8 | 13.5 | 17.7 | 100 |
| 1991 | 66.8 | 12.7 | 20.5 | 100 |

**Shikshan Sanshodhan : Journal of Arts, Humanities and Social Sciences** ISSN: 2581-6241 Volume - 4, Issue - 8, Aug - 2021
Monthly, Peer-Reviewed, Refereed, Indexed Journal Impact Factor: 3.871
Received on : 01/08/2021 Accepted on : 14/08/2021 Publication Date:31/08/2021

| | | | | |
|---|---|---|---|---|
| 2001 | 56.7 | 17.5 | 25.8 | 100 |
| 2011 | 51.1 | 22.4 | 26.5 | 100 |

(ਸਰੋਤ: ਭਾਰਤੀ ਜਨਗਣਨਾ, 2011)

ਉੱਪਰ ਦਿੱਤੇ ਹੋਏ ਟੇਬਲ 4 ਤੋਂ ਭਾਰਤ ਵਿੱਚ 1951 ਤੋਂ ਲੈ ਕੇ 2011 ਤੱਕ ਕਰਮਚਾਰੀਆਂ ਦੇ ਵਿਵਸਾਹਿਕ ਵਰਗੀਕਰਨ ਦਾ ਪਤਾ ਚੱਲਦਾ ਹੈ। ਆਜ਼ਾਦੀ ਦੇ ਸਮੇਂ ਭਾਰਤ ਦੀ ਜ਼ਿਆਦਾਤਰ ਜਨਸੰਖਿਆ ਅਨਪੜ੍ਹ ਅਤੇ ਅਕੁਸ਼ਲ ਸੀ ਇਸ ਲਈ ਇਹ ਜ਼ਿਆਦਾਤਰ ਖੇਤੀ ਤੇ ਹੀ ਕੇਂਦਰਿਤ ਸੀ ਜੋ ਟੇਬਲ ਤੋਂ ਪਤਾ ਚੱਲਦਾ ਹੈ ਕਿ 72.1% ਭਾਰਤ ਦੀ ਜਨਸੰਖਿਆ ਖੇਤੀਬਾੜੀ ਵਿੱਚ ਲੱਗੀ ਹੋਈ ਸੀ। 1961-65 ਵਿੱਚ ਹਰੀ ਕ੍ਰਾਂਤੀ ਕਰਕੇ ਪ੍ਰਾਇਮਰੀ ਖੇਤਰ ਵਿੱਚ ਜਨਸੰਖਿਆ ਲਗਭਗ ਇਕੋ ਜਿਹੀ ਹੀ ਰਹੀ। ਪਰੰਤੂ ਹੌਲੀ-ਹੌਲੀ ਉਦਯੋਗਾਂ ਦਾ ਵਿਕਾਸ ਹੋਣ ਕਾਰਨ ਅਤੇ ਆਰਥਿਕ ਕ੍ਰਿਆਵਾਂ ਵੱਧਣ ਕਾਰਨ ਲੋਕ ਰੁਜ਼ਗਾਰ ਦੀ ਭਾਲ ਵਿੱਚ ਸ਼ਹਿਰਾਂ ਵਿੱਚ ਪ੍ਰਵੇਸ਼ ਕਰਨ ਲੱਗੇ ਪਰੰਤੂ ਨਿਰਮਾਣ ਅਤੇ ਉਸਾਰੀ ਦੇ ਖੇਤਰਾਂ ਵਿੱਚ ਜਿਸ ਵਿੱਚ ਭਾਰਤ ਦੀ ਅਕੁਸ਼ਲ ਜਨਤਾ ਰੁਜ਼ਗਾਰ ਪ੍ਰਾਪਤ ਕਰਦੀ ਹੈ। ਉਸ ਸਮੇਂ ਨਕਾਰਾਤਮਕ ਵਿਕਾਸ ਦਰ ਤੇ ਖੜ੍ਹੇ ਸਨ। ਇਸ ਲਈ ਸੈਕੰਡਰੀ ਖੇਤਰ ਵਿੱਚ 1991 ਤੱਕ 12.7 ਪ੍ਰਤੀਸ਼ਤ ਜਨਸੰਖਿਆ ਹੀ ਲੱਗੀ ਹੋਈ ਸੀ ਦੂਜੇ ਪਾਸੇ 1991 ਵਿੱਚ ਨਵੀਂ ਆਰਥਿਕ ਨੀਤੀ ਆਉਣ ਨਾਲ ਟਰਸ਼ਰੀ ਖੇਤਰ ਦਾ ਜ਼ਿਆਦਾ ਵਿਕਾਸ ਹੋਇਆ ਜੋ ਕਿ ਸਿਰਫ਼ ਕੁਸ਼ਲ ਅਤੇ ਪੜ੍ਹੇ ਲਿਖੇ ਲੋਕਾਂ ਨੂੰ ਹੀ ਰੁਜ਼ਗਾਰ ਪ੍ਰਦਾਨ ਕਰਦਾ ਸੀ ਹੈ ਪਰੰਤੂ ਦੇਸ਼ ਵਿੱਚ ਜ਼ਿਆਦਾ ਅਧ-ਕੁਸ਼ਲ ਅਤੇ ਅਕੁਸ਼ਲ ਲੋਕ ਹੋਣ ਕਾਰਨ ਰੁਜ਼ਗਾਰ ਨਾ ਮਿਲ ਸਕਿਆ ਇਸ ਲਈ ਭਾਰਤ ਵਿੱਚ ਇਹਨਾਂ ਸਭ ਕਾਰਨਾਂ ਨੇ ਬੇਰੁਜ਼ਗਾਰੀ ਦੀ ਸਮੱਸਿਆ ਦੀ ਅਗਵਾਈ ਕੀਤੀ ਅਤੇ ਦਰਸਾਇਆ ਕਿ ਭਾਰਤੀ ਅਰਥ ਵਿਵਸਥਾ ਲੇਬਰ ਇਨਟੇਨ੍ਸਿਵ ਦੇ ਪੜਾਅ ਨੂੰ ਛੱਡ ਕੇ ਕੈਪਿਟਲ ਇਨਟੇਨ੍ਸਿਵ ਵੱਲ ਜਾ ਰਹੀ ਹੈ। ਇਸ ਲਈ ਇਹ ਕਹਿਣਾ ਬਿਲਕੁਲ ਵੀ ਗਲਤ ਨਹੀਂ ਹੋਵੇਗਾ ਕਿ ਭਾਰਤ ਵਿੱਚ ਬਸਤੀਆਂ ਦੇ ਗਠਨ ਦਾ ਮੁੱਖ ਕਾਰਨ ਉਦਯੋਗੀਕਰਨ ਰਹਿਤ ਸ਼ਹਿਰੀਕਰਣ ਹੈ। 2011 ਦੀ ਜਨਗਣਨਾ ਦੇ ਅਨੁਸਾਰ ਵੀ ਸਿਰਫ਼ 22.4 ਪ੍ਰਤੀਸ਼ਤ ਲੋਕ ਸੈਕੰਡਰੀ ਖੇਤਰ ਵਿੱਚ ਰੁੱਝੇ ਹੋਏ ਹਨ ਜੋ ਕਿ ਪ੍ਰਾਇਮਰੀ (51.1 ਪ੍ਰਤੀਸ਼ਤ) ਖੇਤਰ ਅਤੇ ਟਰਸ਼ਰੀ (26.5 ਪ੍ਰਤੀਸ਼ਤ) ਤੋਂ ਬਹੁਤ ਘੱਟ ਹਨ।

**ਟੇਬਲ 5: ਰਸਮੀ ਅਤੇ ਗੈਰ-ਰਸਮੀ ਰੁਜ਼ਗਾਰ ਦੀ ਬ੍ਰੌਡ ਸੈਕਟਰ ਵੰਡ (2004-05):**

**(ਪ੍ਰਤੀਸ਼ਤ 'ਚ)**

| **2004-05** | **ਆਯੋਜਿਤ ਖੇਤਰ** | | **ਅਣ-ਆਯੋਜਿਤ ਖੇਤਰ** | |
|---|---|---|---|---|
| **ਖੇਤਰ** | **ਰਸਮੀ** | **ਗੈਰ-ਰਸਮੀ** | **ਰਸਮੀ** | **ਗੈਰ-ਰਸਮੀ** |
| ਖੇਤੀਬਾੜੀ | 0.76 | 0.99 | 0.00 | 56.75 |
| ਨਿਰਮਾਣ | 1.21 | 2.10 | 0.10 | 8.33 |
| ਗੈਰ-ਨਿਰਮਾਣ | 0.53 | 1.45 | 0.00 | 4.42 |
| ਸੇਵਾਵਾਂ | 4.48 | 1.89 | 0.19 | 16.80 |
| ਕੁੱਲ | 6.98 | 6.43 | 0.29 | 86.30 |

**ਟੇਬਲ 5.1: ਰਸਮੀ ਅਤੇ ਗੈਰ-ਰਸਮੀ ਰੁਜ਼ਗਾਰ ਦੀ ਬ੍ਰੌਡ ਸੈਕਟਰ ਵੰਡ (2011-12):**

**(ਪ੍ਰਤੀਸ਼ਤ 'ਚ)**

| **2011-12** | **ਆਯੋਜਿਤ ਖੇਤਰ** | | **ਅਣ-ਆਯੋਜਿਤ ਖੇਤਰ** | |
|---|---|---|---|---|
| **ਖੇਤਰ** | **ਰਸਮੀ** | **ਗੈਰ-ਰਸਮੀ** | **ਰਸਮੀ** | **ਗੈਰ-ਰਸਮੀ** |
| ਖੇਤੀਬਾੜੀ | 0.06 | 0.16 | 0.00 | 48.69 |
| ਨਿਰਮਾਣ | 1.48 | 2.79 | 0.06 | 8.28 |
| ਗੈਰ-ਨਿਰਮਾਣ | 0.69 | 3.77 | 0.01 | 7.18 |
| ਸੇਵਾਵਾਂ | 5.62 | 2.72 | 0.22 | 18.29 |
| ਕੁੱਲ | 7.84 | 9.43 | 0.29 | 82.43 |

(ਸਰੋਤ: ਐਨ.ਐਸ.ਐਸ.ਓ ਦੇ ਸਤਰ ਇਕਾਈ ਦੇ ਅੰਕੜੇ)

**Shikshan Sanshodhan : Journal of Arts, Humanities and Social Sciences** ISSN: 2581-6241 Volume - 4, Issue - 8, Aug - 2021
Monthly, Peer-Reviewed, Refereed, Indexed Journal Impact Factor: 3.871
Received on : 01/08/2021 Accepted on : 14/08/2021 Publication Date:31/08/2021

ਉਪਰਲੇ ਟੇਬਲ 5 ਅਤੇ 5.1, 2004-2012 ਵਿੱਚ ਆਯੋਜਿਤ ਅਤੇ ਅਣ-ਆਯੋਜਿਤ ਖੇਤਰ ਵਿੱਚ ਰਸਮੀ ਅਤੇ ਗੈਰ-ਰਸਮੀ ਰੁਜ਼ਗਾਰ ਨੂੰ ਦਰਸਾਉਂਦੀ ਹੈ। ਆਯੋਜਿਤ ਖੇਤਰ ਸਰਕਾਰ ਨਾਲ ਦਰਜ ਹੁੰਦਾ ਹੈ ਜਿਸ ਵਿੱਚ ਰੁਜ਼ਗਾਰ ਸੁਰੱਖਿਅਤ ਹੁੰਦਾ ਹੈ ਅਤੇ ਇਸਦੇ ਉਲਟ ਅਣ-ਆਯੋਜਿਤ ਵਿੱਚ ਰੁਜ਼ਗਾਰ ਸੁਰੱਖਿਅਤ ਨਹੀਂ ਹੁੰਦਾ ਪ੍ਰਾਈਵੇਟ ਖੇਤਰ ਨਾਲ ਸੰਬੰਧਿਤ ਹੁੰਦਾ ਹੈ ਉੱਪਰ ਦਿੱਤੇ ਹੋਏ ਟੇਬਲ ਤੋਂ ਸਾਫ ਸਾਫ ਜਾਹਿਰ ਹੁੰਦਾ ਹੈ ਕਿ ਜ਼ਿਆਦਾਤਰ ਰੁਜ਼ਗਾਰ ਦੇ ਮੌਕੇ ਅਣ-ਆਯੋਜਿਤ ਗੈਰ-ਰਸਮੀ ਖੇਤਰ ਵਿੱਚ ਪਾਏ ਜਾਂਦੇ ਹਨ। 2004-05 ਵਿੱਚ ਲਗਭਗ 87 ਪ੍ਰਤੀਸ਼ਤ ਰੁਜ਼ਗਾਰ ਅਣ-ਆਯੋਜਿਤ ਵਿੱਚ ਪਾਇਆ ਜਾਂਦਾ ਸੀ ਤੇ ਸਿਰਫ਼ 12 ਪ੍ਰਤੀਸ਼ਤ ਆਯੋਜਿਤ ਵਿੱਚ। ਅੱਗੇ ਅਣ-ਆਯੋਜਿਤ ਖੇਤਰ ਵਿੱਚ ਵੀ ਗੈਰ-ਰਸਮੀ ਵਿੱਚ ਅਧਿਕਤਮਕ ਰੁਜ਼ਗਾਰ ਪਾਇਆ ਜਾਂਦਾ ਸੀ ਜੋ ਕਿ 86 ਪ੍ਰਤੀਸ਼ਤ ਦੇ ਲਗਭਗ ਸੀ। 2012 ਵਿੱਚ ਚਾਹੇ ਇਹ 86 ਪ੍ਰਤੀਸ਼ਤ ਤੋਂ ਘੱਟ ਕੇ 82 ਪ੍ਰਤੀਸ਼ਤ ਹੋ ਗਿਆ ਪਰੰਤੂ ਫਿਰ ਵੀ ਇਹ ਅਧਿਕਤਮ ਹੈ। ਗੈਰ-ਰਸਮੀ ਰੁਜ਼ਗਾਰ ਵਿੱਚ ਲਗਾਤਾਰ ਬੇਦਖਲੀ ਦਾ ਡਰ ਬਣਿਆ ਰਹਿੰਦਾ ਹੈ ਅਤੇ ਦੂਜੇ ਪਾਸੇ ਇਸ ਵਿੱਚ ਮਜ਼ਦੂਰੀ ਦਰ ਵੀ ਬਹੁਤ ਜ਼ਿਆਦਾ ਘੱਟ ਹੁੰਦੀ ਹੈ। ਇਸਦੇ ਨਾਲ ਨਾਲ ਲਗਾਤਾਰ ਵੱਧਦੀਆਂ ਕੀਮਤਾਂ ਕਾਰਨ ਹਾਊਸਿੰਗ ਨੂੰ ਅਫੋਰਡ ਕਰਨਾ ਲੋਕਾਂ ਲਈ ਬਹੁਤ ਮੁਸ਼ਕਿਲ ਹੋ ਜਾਂਦਾ ਹੈ। ਜਿਸਦੇ ਫਲਸਰੂਪ ਸ਼ਹਿਰਾਂ ਵਿੱਚ ਬਸਤੀਆਂ ਦਾ ਗਠਨ ਹੁੰਦਾ ਹੈ। ਅਰਬਨ ਪਾਵਰਟੀ ਰਿਪੋਰਟ (2009) ਦੇ ਅਨੁਸਾਰ 40 ਪ੍ਰਤੀਸ਼ਤ ਸੰਸਾਰ ਦਾ ਸ਼ਹਿਰੀ ਵਿਸਥਾਰ ਬਸਤੀਆਂ ਵਿੱਚ ਹੀ ਹੁੰਦਾ ਹੈ। ਜਿਸ ਵਿੱਚ ਸਮਾਜਿਕ-ਆਰਥਿਕ ਅਸਮਾਨਤਾਵਾ ਉਤੇਜਕ ਹੁੰਦੀਆਂ ਹਨ। ਗੰਦਗੀ ਦਾ ਮੁੱਖ ਸਰੋਤ ਵੀ ਬਸਤੀਆਂ ਦਾ ਵਿਸਥਾਰ ਹੈ ਜੋ ਬਿਮਾਰੀਆਂ ਦੇ ਫੈਲਾਅ ਦਾ ਮੁੱਖ ਕਰਨ ਹਨ।

**ਟੇਬਲ 6: ਬਸਤੀਆਂ ਵਿੱਚ ਰਹਿਣ ਵਾਲੇ ਲੋਕਾਂ ਦੀ ਜਨਸੰਖਿਆ**

| ਸਾਲ | ਜਨਸੰਖਿਆ (ਮਿਲਿਯਨ 'ਚ) |
|---|---|
| 2011 | 93.1 |
| 2012 | 95 |
| 2013 | 96.9 |
| 2014 | 98.8 |
| 2015 | 100.8 |
| 2016 | 102.7 |
| 2017 | 104.7 |

(ਸਰੋਤ: ਰਿਪੋਰਟ ਆਫ ਕਮੇਟੀ ਆਨ ਸ੍ਲਮ ਸ੍ਟਟਿਸਫਿਕ੍ਸ)

ਉੱਪਰ ਦਿੱਤੇ ਗਏ ਟੇਬਲ 6 ਨੇ 2011 ਤੋਂ 2017 ਤੱਕ ਬਸਤੀਆਂ ਦੀ ਵਧਦੀ ਹੋਈ ਆਬਾਦੀ ਦਾ ਅਧਿਐਨ ਕੀਤਾ ਹੈ। ਇਹਨਾਂ ਅੰਕੜਿਆਂ ਦਾ ਵਿਸ਼ਲੇਸ਼ਣ ਕਰਦੇ ਹੋਏ ਇਹ ਹਾਈਲਾਈਟ ਕੀਤਾ ਗਿਆ ਹੈ ਕਿ ਭਾਰਤ ਵਿੱਚ ਬਸਤੀਆਂ ਦੀ ਸਮੱਸਿਆ ਨੂੰ ਖ਼ਤਮ ਕਰਨ ਲਈ ਜਿਹੜੀਆਂ ਨੀਤੀਆਂ ਬਣਾਈਆਂ ਗਈਆਂ ਹਨ ਉਹ ਸਾਰੀਆਂ ਪ੍ਰਭਾਵਹੀਣ ਰਹੀਆਂ ਹਨ ਜਿਸ ਕਾਰਨ ਬਸਤੀਆਂ ਦੀ ਆਬਾਦੀ ਘੱਟਣ ਦੀ ਬਜਾਏ ਵੱਧੀ ਹੈ ਜੋ 2011 ਵਿੱਚ 93.1 ਮਿਲਿਅਨ ਸੀ ਤੋਂ ਵੱਧ ਕੇ 2017 ਵਿੱਚ 1047 ਮਿਲਿਅਨ ਹੋ ਗਈ ਹੈ।

**ਟੇਬਲ 7: ਹਾਊਸਿੰਗ ਅਤੇ ਸ਼ਹਿਰੀ ਵਿਕਾਸ ਦੇ ਖੇਤਰ ਦਾ ਯੋਜਨਾਤਮਕ ਖਰਚ:**

**(ਮਿਲਿਯਨ ਰੁਪਏ 'ਚ)**

| ਪੰਜ ਸਲਾਨਾ ਯੋਜਨਾ | ਕੁੱਲ ਖਰਚ | ਹਾਊਸਿੰਗ ਅਤੇ ਸ਼ਹਿਰੀ ਵਿਕਾਸ ਦੇ ਖਰਚ | ਕੁੱਲ ਵਿੱਚ ਪ੍ਰਤੀਸ਼ਤ ਹਿੱਸਾ |
|---|---|---|---|
| ਪਹਿਲੀ | 20688 | 488 | 2.1 |
| ਦੂਜੀ | 48000 | 1200 | 2.5 |
| ਤੀਜੀ | 85765 | 1276 | 1.5 |
| ਚੌਥੀ | 157788 | 2702 | 1.7 |
| ਪੰਜਵੀਂ | 394262 | 11500 | 2.9 |
| ਛੇਵੀਂ | 975000 | 24884 | 2.6 |
| ਸੱਤਵੀਂ | 1800000 | 42295 | 2.6 |
| ਅੱਠਵੀਂ | 4341000 | 105000 | 2.3 |

Shikshan Sanshodhan : Journal of Arts, Humanities and Social Sciences ISSN: 2581-6241 Volume - 4, Issue - 8, Aug - 2021
Monthly, Peer-Reviewed, Refereed, Indexed Journal Impact Factor: 3.871
Received on : 01/08/2021 Accepted on : 14/08/2021 Publication Date:31/08/2021

| | | | |
|---|---|---|---|
| ਨੌਵੀਂ | N.A. | 158800 | 2.4 |
| ਦਸਵੀਂ | N.A. | 405000 | N.A. |
| ਗਿਆਰਵੀਂ | N.A. | 368700 | N.A. |

(ਸਰੋਤ: ਪਲੈਨਿੰਗ ਕਮਿਸ਼ਨ ਅਤੇ ਮਿਨਿਸ੍ਟ੍ਰੀ ਆਫ ਅਰਬਨ ਡਿਵੇਲਪ੍ਮਨ੍ਟ, ਭਾਰਤ ਸਰਕਾਰ)

ਉਪਰ ਦਿੱਤੇ ਹੋਏ ਟੇਬਲ 7 ਤੋ ਇਹ ਅਧਿਐਨ ਕੀਤਾ ਜਾਂਦਾ ਹੈ ਕਿ ਕੁੱਲ ਯੋਜਨਾਤਮਕ ਖਰਚੇ ਵਿੱਚ ਹਰ ਪੰਜ ਸਲਾਨਾ ਯੋਜਨਾ ਵਿੱਚ ਵਧਾ ਹੋ ਰਿਹਾ ਹੈ ਪਰੰਤੂ ਹਾਊਸਿੰਗ ਅਤੇ ਸ਼ਹਿਰੀ ਵਿਕਾਸ ਦੇ ਖਰਚੇ ਦਾ ਕੁੱਲ ਵਿੱਚ ਪ੍ਰਤੀਸ਼ਤ ਹਿੱਸਾ ਘੱਟਦਾ ਜਾ ਰਿਹਾ ਹੈ ਜੋ ਕੀ ਪਹਿਲੀ ਯੋਜਨਾ ਵਿੱਚ 2.1, ਕੁੱਲ ਵਿੱਚ ਪ੍ਰਤੀਸ਼ਤ ਹਿੱਸਾ ਸੀ, ਤੋਂ ਘੱਟ ਕੇ 1.7 ਪ੍ਰਤੀਸ਼ਤ ਚੌਥੀ ਯੋਜਨਾ ਵਿੱਚ ਸੀ ਹੁਣ ਭਾਰਤ ਵਿੱਚ ਜ਼ਿਆਦਾ ਸ਼ਹਿਰੀਕਰਨ ਦੇ ਬਾਅਦ ਵੀ ਹਾਊਸਿੰਗ ਅਤੇ ਸ਼ਹਿਰੀ ਵਿਕਾਸ ਦੇ ਖਰਚਿਆਂ ਦਾ ਕੁੱਲ ਵਿੱਚ ਪ੍ਰਤੀਸ਼ਤ ਹਿੱਸਾ ਸਿਰਫ਼ 2.4 ਪ੍ਰਤੀਸ਼ਤ ਦੇ ਲਗਭਗ ਹੈ ਜੋ ਕਿ ਬਹੁਤ ਘੱਟ ਹੈ। ਇਹ ਸਰਕਾਰ ਦੀਆਂ ਹਾਊਸਿੰਗ ਦੇ ਪ੍ਰਤੀ ਘੱਟ ਨੀਤੀਆਂ ਨੂੰ ਦਰਸਾਉਂਦਾ ਹੈ। ਭਾਰਤ ਵਿੱਚ ਜਨਸੰਖਿਆ ਦੀ ਵਧਦੀ ਦਰ ਤੇ ਵੱਡੇ ਪੱਧਰ ਤੇ ਪੇਂਡੂ-ਸ਼ਹਿਰੀ ਪ੍ਰਵਾਸ ਅਤੇ ਦੂਜੇ ਪਾਸੇ ਸਰਕਾਰ ਦੁਆਰਾ ਹਾਊਸਿੰਗ ਦੇ ਘੱਟ ਯੋਜਨਾਤਮਕ ਖਰਚਾ ਵੀ ਬਸਤੀਆਂ ਦੀ ਸਮੱਸਿਆ ਦੇ ਪੈਦਾ ਹੋਣ ਦਾ ਇੱਕ ਵੱਡਾ ਕਾਰਨ ਹੈ। ਇਸ ਲਈ ਹਾਊਸਿੰਗ ਦੀ ਸਮੱਸਿਆ ਤੇ ਧਿਆਨ ਦੇਣਾ ਬਹੁਤ ਜ਼ਰੂਰੀ ਹੈ ਕਿਉਂਕਿ ਮਨੁੱਖ ਦੀ ਜ਼ਿੰਦਗੀ ਵਿੱਚ ਹਾਊਸਿੰਗ ਦੀ ਮਹੱਤਵਪੂਰਨ ਭੂਮਿਕਾ ਹੈ।

**ਟੇਬਲ 8: ਭਾਰਤ ਦੇ ਤਿੰਨ-ਤਿੰਨ ਰਾਜ ਵਿੱਚ ਬਸਤੀਆਂ ਦੀ ਜਨਸੰਖਿਆ ਦਾ ਕੁੱਲ ਵਿੱਚ ਪ੍ਰਤੀਸ਼ਤ ਹਿੱਸਾ:**

| ਰਾਜ | 2001 ਵਿੱਚ ਪ੍ਰਤੀਸ਼ਤ ਹਿੱਸਾ | 2011 ਵਿੱਚ ਪ੍ਰਤੀਸ਼ਤ ਹਿੱਸਾ |
|---|---|---|
| ਮਹਾਰਾਸ਼ਟਰ | 22.9 | 18.1 |
| ਆਂਧਰਾ ਪ੍ਰਦੇਸ਼ | 12 | 15.6 |
| ਪੱਛਮੀ ਬੰਗਾਲ | 8.9 | 9.8 |
| ਉੱਤਰ ਪ੍ਰਦੇਸ਼ | 11 | 9.5 |
| ਤਾਮਿਲਨਾਡੂ | 8.1 | 8.9 |
| ਮੱਧ ਪ੍ਰਦੇਸ਼ | 7.2 | 8.7 |
| ਕਰਨਾਟਕ | 4.5 | 5 |
| ਰਾਜਸਥਾਨ | 3.0 | 3.2 |
| ਛਤਿਸਗੜ੍ਹ | 2.1 | 2.9 |
| ਦਿੱਲੀ | 3.9 | 2.7 |
| ਗੁਜਰਾਤ | 3.8 | 2.6 |
| ਹਰਿਆਣਾ | 3.2 | 2.5 |
| ਉੜੀਸਾ | 2.1 | 2.4 |
| ਪੰਜਾਬ | 2.8 | 2.2 |
| ਬਿਹਾਰ | 1.6 | 1.9 |
| ਹੋਰ ਰਾਜ | 3.1 | 3.8 |

(ਸਰੋਤ: ਪ੍ਰਾਇਮਰੀ ਸੇਨ੍ਸਸ ਐਬਸਟ੍ਰੈਕਟ ਫੌਰ ਸਲਮ, 2011 ਓਫਿਸ ਆਫ ਰਜਿਸਟਰਾਰ ਜਨਰਲ ਐਂਡ ਸੇਨ੍ਸਸ ਕਮਿਸ਼ਨਰ, ਇੰਡੀਆ)

ਉਪਰਲੇ ਟੇਬਲ 8 ਤੋਂ ਇਹ ਪਤਾ ਚੱਲਦਾ ਹੈ ਕਿ ਭਾਰਤ ਦੇ ਭਿੰਨ-ਭਿੰਨ ਰਾਜਾਂ ਵਿੱਚ ਬਸਤੀਆਂ ਦੀ ਸੰਖਿਆ ਵੱਖ-ਵੱਖ ਪਾਈ ਜਾਂਦੀ ਹੈ। ਜ਼ਿਆਦਾ ਉਦਯੋਗਿਕ ਵਿਸਥਾਰ ਵਾਲੇ ਰਾਜ ਜਿਵੇਂ ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਪੱਛਮੀ ਬੰਗਾਲ, ਤਾਮਿਲਨਾਡੂ ਅਤੇ ਉੱਤਰ ਪ੍ਰਦੇਸ਼ ਵਿੱਚ ਜ਼ਿਆਦਾ ਬਸਤੀਆਂ ਪਾਈਆਂ ਜਾਂਦੀਆਂ ਹਨ। ਜੇਕਰ ਇਹਨਾਂ ਦਾ ਜੋੜ ਕੀਤਾ ਜਾਵੇ ਤਾਂ ਇਹਨਾਂ ਰਾਜਾਂ ਵਿੱਚ ਹੀ 63 ਪ੍ਰਤੀਸ਼ਤ ਬਸਤੀਆਂ ਪਾਈਆਂ ਜਾਂਦੀਆਂ ਹਨ ਕਿਉਂਕਿ ਇਹਨਾਂ ਰਾਜਾਂ ਵਿੱਚ ਉਦਯੋਗ ਅਤੇ ਵਿਦੇਸ਼ੀ ਨਿਵੇਸ਼ ਜ਼ਿਆਦਾ ਹੋਣ ਕਾਰਨ ਰੁਜ਼ਗਾਰ ਦੀ ਉਮੀਦ ਨਾਲ ਲੋਕ ਜ਼ਿਆਦਾ ਪ੍ਰਵੇਸ਼ ਕਰਦੇ ਹਨ। ਇਹਨਾਂ ਰਾਜਾਂ ਲਈ ਇਹ ਵੀ ਕਹਿਣਾ ਗਲਤ ਨਹੀਂ ਹੋਵੇਗਾ ਕੀ ਇਹਨਾਂ ਵਿੱਚ ਸਰਕਾਰ ਦੀਆਂ ਬਸਤੀਆਂ ਨੂੰ ਲੈ ਕੇ ਪ੍ਰਭਾਵਹੀਣ ਨੀਤੀਆਂ ਹਨ ਅਤੇ ਅਰਬਨ ਯੋਜਨਾਬੰਦੀ ਵੀ ਸਹੀ ਨਹੀਂ ਹੈ। ਦੂਜੇ ਪਾਸੇ ਖੇਤੀ ਪ੍ਰਧਾਨ ਰਾਜ ਜਿਵੇਂ ਪੰਜਾਬ ਹਰਿਆਣਾ ਆਦਿ ਵਿੱਚ ਬਸਤੀਆਂ ਦੀ ਜ਼ਿਆਦਾ ਸਮੱਸਿਆ ਨਹੀਂ ਪਾਈ ਜਾਂਦੀ ਹੈ। 2011 ਵਿੱਚ ਕੁੱਲ ਜਨਸੰਖਿਆ ਦੇ ਪ੍ਰਤੀਸ਼ਤ

**Shikshan Sanshodhan : Journal of Arts, Humanities and Social Sciences** ISSN: 2581-6241 Volume - 4, Issue - 8, Aug - 2021
Monthly, Peer-Reviewed, Refereed, Indexed Journal Impact Factor: 3.871
Received on : 01/08/2021 Accepted on : 14/08/2021 Publication Date:31/08/2021

ਹਿੱਸੇ ਅਨੁਸਾਰ ਪੰਜਾਬ ਵਿੱਚ ਕੇਵਲ 2.2 ਪ੍ਰਤੀਸ਼ਤ ਅਤੇ ਹਰਿਆਣੇ ਵਿੱਚ 2.5 ਪ੍ਰਤੀਸ਼ਤ ਬਸਤੀਆਂ ਪਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਜਿਹੜੇ ਰਾਜ ਵਿਕਾਸ ਪੱਖੋਂ ਪਿਛੜੇ ਹੋਏ ਹਨ ਉਥੇ ਵੀ ਜ਼ਿਆਦਾ ਬਸਤੀਆਂ ਨਹੀਂ ਪਾਈਆਂ ਜਾਂਦੀਆਂ ਜਿਵੇਂ ਕਿ ਬਿਹਾਰ ਵਿੱਚ ਸਿਰਫ 1.9 ਪ੍ਰਤੀਸ਼ਤ, ਉੜੀਸਾ ਵਿੱਚ 2.4 ਪ੍ਰਤੀਸ਼ਤ ਅਤੇ ਛਤਿਸਗੜ੍ਹ ਵਿੱਚ 2.9 ਪ੍ਰਤੀਸ਼ਤ ਬਸਤੀਆਂ ਪਾਈਆਂ ਜਾਂਦੀਆਂ ਹਨ।

### 5. ਹਾਊਸਿੰਗ ਸਕੀਮਾਂ:

ਭਾਰਤ ਵਿੱਚ ਹਾਊਸਿੰਗ ਦੀ ਸਮੱਸਿਆ ਨੂੰ ਹੱਲ ਕਰਨਾ ਲਈ 1970 ਵਿੱਚ ਹਾਊਸਿੰਗ ਐਂਡ ਅਰਬਨ ਡਿਵੇਲਪਮੈਂਟ ਕੋਰਪੋਰੇਸ਼ਨ ਦੀ ਸਥਾਪਨਾ ਹੋਈ। ਇਸ ਤੋਂ ਬਾਅਦ ਵੱਖ-ਵੱਖ ਸਮੇਂ ਵਿੱਚ ਇਸ ਸਮੱਸਿਆ ਨੂੰ ਹੱਲ ਕਰਨ ਲਈ ਕਈ ਸਕੀਮਾਂ ਬਣਾਈਆਂ ਗਈਆਂ ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ।

**ਟੇਬਲ 9: ਹਾਊਸਿੰਗ ਸਕੀਮਾਂ:**

| ਸਕੀਮ | ਸਾਲ | ਉਦੇਸ਼ |
|---|---|---|
| 1) ਸਕੀਮ ਆਫ ਹਾਊਸਿੰਗ ਐਂਡ ਸ਼ੇਲਟਰ ਅਪਗਰੇਡੇਸ਼ਨ | 1990 | ਇਸਦਾ ਮੁੱਖ ਉਦੇਸ਼ ਬਸਤੀਆਂ ਦੇ ਵਸਨੀਕਾਂ ਨੂੰ ਰੁਜ਼ਗਾਰ ਮੁੱਹਈਆ ਕਰਵਾਇਆ ਜਾਵੇ ਤਾਂ ਕਿ ਸ਼ਹਿਰੀ ਖੇਤਰਾਂ ਵਿੱਚ ਉਹਨਾਂ ਦੀ ਹਾਊਸਿੰਗ ਵਿੱਚ ਸੁਧਾਰ ਹੋ ਸਕੇ। |
| 2) ਸਕੀਮ ਆਫ ਇਨਫਸਟਕਚਰ ਡਿਵੇਲਪਮਨਟ ਇਨ ਮੈਗਾ ਸਿਟੀਜ਼ | 1993-94 | ਭਾਰਤ ਦੇ ਮੇਟਰੋਪਾਲਿਟਨ ਸ਼ਹਿਰਾਂ ਜਿਵੇਂ ਮੁੰਬਈ, ਕਲਕੱਤਾ, ਦਿੱਲੀ ਦੇ ਵਿੱਚ ਬਸਤੀਆਂ ਦਾ ਸੁਧਾਰ ਹੋ ਸਕੇ। |
| 3) ਨੈਸ਼ਨਲ ਸਲਮ ਡਿਵੇਲਪਮਨਟ ਪ੍ਰੋਗਰਾਮ | 1996 | ਸ਼ਹਿਰੀ ਬਸਤੀਆਂ ਦਾ ਵਿਕਾਸ ਕਰਨਾ |
| 4) ਹਾਊਸਿੰਗ ਫਾਰ ਓਲ ਬਾਇ 2022 | 2015 | ਸ਼ਹਿਰਾਂ ਵਿੱਚ ਵਾਜਬ ਕੀਮਤਾਂ ਤੇ 2022 ਤੱਕ ਰਿਹਾਇਸ਼ ਮੁਹੱਈਆਂ ਕਰਵਾਉਣ |
| 5) ਪ੍ਰਧਾਨ ਮੰਤਰੀ ਅਵਾਸ ਯੋਜਨਾ | 2015 | ਪੇਂਡੂ ਖੇਤਰਾਂ ਵਿੱਚ ਹਾਊਸਿੰਗ ਦੀਆਂ ਸੁਵਿਧਾਵਾਂ ਪ੍ਰਧਾਨ ਕਰਵਾਉਣਾ |

ਭਾਰਤ ਵਿੱਚ ਬਸਤੀਆਂ ਇੱਕ ਬਹੁਤ ਵੱਡੀ ਸਮੱਸਿਆ ਹੈ ਪਰੰਤੂ ਉੱਪਰਲੇ ਟੇਬਲ 9 ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਰਕਾਰ ਦੀਆਂ ਹਾਊਸਿੰਗ ਨੂੰ ਲੈ ਕੇ ਬਹੁਤ ਘੱਟ ਸਕੀਮਾਂ ਬਣੀਆਂ ਹਨ ਜੋ ਇਸ ਸਮੱਸਿਆ ਦੇ ਵੱਧਣ ਦਾ ਵੀ ਇੱਕ ਕਾਰਨ ਮੰਨਿਆ ਜਾਂਦਾ ਹੈ।

### 6. ਨੀਤੀ ਸੁਝਾਅ:

ਹਾਊਸਿੰਗ ਦੀ ਸਮੱਸਿਆ ਨੂੰ ਦੇਖਦੇ ਹੋਏ ਇਸ ਖੋਜ ਪਰਚੇ ਵਿੱਚ ਹੇਠ ਲਿਖੇ ਨੀਤੀ ਸੁਝਾਅ ਹਨ:

- ਪ੍ਰੋ ਪੁਅਰ (ਗਰੀਬਾਂ ਪੱਖੀ) ਸ਼ਹਿਰੀ ਵਿਕਾਸ ਦੀ ਨੀਤੀ ਨੂੰ ਅਪਣਾਇਆ ਜਾਵੇ ਅਤੇ ਗਰੀਬਾਂ ਦੀ ਸਮੱਸਿਆ ਦਾ ਹੱਲ ਲੱਭਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਜੋ ਕਿ ਗਰੀਬੀ ਘਟਾਈ ਜਾ ਸਕੇ ਕਿਉਂਕਿ ਗਰੀਬੀ ਹੀ ਸਾਰੀਆਂ ਸਮੱਸਿਆਵਾਂ ਦਾ ਮੂਲ ਕਾਰਨ ਹੈ।
- ਮਾਇਕ੍ਰੋ-ਕ੍ਰੇਡਿਟ ਅਤੇ ਭਲਾਈ ਯੋਜਨਾਵਾਂ ਦੇ ਨਾਲ-ਨਾਲ ਵਿੱਦਿਅਕ ਅਤੇ ਵੋਕੇਸ਼ਨਲ ਸਿਲਖਾਈ ਨੂੰ ਲਾਗੂ ਕੀਤਾ ਜਾਵੇ ਤਾਂ ਜੋ ਕਿ ਬੇਰੁਜ਼ਗਾਰੀ ਘੱਟ ਸਕੇ ਅਤੇ ਬਸਤੀ ਦੇ ਵਸਨੀਕਾਂ ਦੇ ਭੌਤਿਕ ਅਤੇ ਸਮਾਜਿਕ ਹਾਲਾਤਾਂ ਵਿੱਚ ਸੁਧਾਰ ਆ ਸਕੇ।
- ਜਿਹੜੇ ਕਾਰਕ ਬਸਤੀਆਂ ਦੀ ਉੱਤਪਤੀ ਲਈ ਜ਼ਿੰਮੇਵਾਰ ਹਨ ਉਹਨਾਂ ਦਾ ਚੰਗੀ ਤਰ੍ਹਾਂ ਅਧਿਐਨ ਕੀਤਾ ਜਾਵੇ ਤਾਂ ਕਿ ਬਸਤੀਆਂ ਨੂੰ ਅੱਪਗਰੇਡ ਕਰਨ ਦੇ ਉਚਿਤ ਢੰਗ ਲੱਭੇ ਜਾਣ ਅਤੇ ਲਾਗੂ ਕੀਤੇ ਜਾਣ।
- ਸਰਕਾਰ ਨੂੰ ਮੁਦਰਾ ਸਫੀਤੀ ਤੇ ਵੀ ਲਗਾਮ ਲਗਾਉਣੀ ਚਾਹੀਦੀ ਹੈ ਤਾਂ ਜੋ ਕਿ ਲੋਕ ਵਾਜਬ ਕੀਮਤਾਂ ਤੇ ਘਰ ਖਰੀਦ ਸਕਣ ਜਾਂ ਉਸਾਰੀ ਕਰ ਸਕਣ।
- ਸਰਕਾਰ ਦੁਆਰਾ ਜ਼ਮੀਨਾਂ ਦੀ ਸੱਟੇਬਾਜ਼ੀ, ਜੋ ਜ਼ਮੀਨਾਂ ਦੀ ਕੀਮਤਾਂ ਵਧਾਉਣ ਦਾ ਕਾਰਨ ਹਨ, ਤੇ ਰੋਕ ਲਗਾਉਣੀ ਚਾਹੀਦੀ ਹੈ।
- ਵੱਡੀਆਂ-ਵੱਡੀਆਂ ਮਲਟੀਨੈਸ਼ਨਲ ਕਾਪਰੋਰੇਸ਼ਨਾਂ ਨੂੰ ਆਪਣੇ ਕਰਮਚਾਰੀਆਂ ਨੂੰ ਰਿਹਾਇਸ਼ ਮੁੱਹਈਆ ਕਰਵਾਉਣੀ ਚਾਹੀਦੀ ਹੈ।
- ਪੇਂਡੂ ਉਦਯੋਗੀਕਰਨ ਦਾ ਵਿਸਥਾਰ ਕੀਤਾ ਜਾਵੇ ਕਿਉਂਕਿ ਇਸ ਨਾਲ ਲੋਕਾਂ ਨੂੰ ਆਪਣੇ ਹੋਮ੍ਟਾਉਨ ਵਿੱਚ ਹੀ ਰੁਜ਼ਗਾਰ ਮਿਲਜ ਜਾਵੇਗਾ ਅਤੇ ਸ਼ਹਿਰਾਂ ਵਿੱਚ ਪ੍ਰਵਾਸ ਘੱਟੇਗਾ। ਇਸ ਨਾਲ ਬਸਤੀਆਂ ਦੀ ਸਮੱਸਿਆ ਵੱਡੇ ਪੈਮਾਨੇ ਤੇ ਹੱਲ ਹੋਵੇਗੀ।

**Shikshan Sanshodhan : Journal of Arts, Humanities and Social Sciences** **ISSN: 2581-6241** **Volume - 4, Issue - 8, Aug - 2021**
**Monthly, Peer-Reviewed, Refereed, Indexed Journal** **Impact Factor: 3.871**
**Received on : 01/08/2021** **Accepted on : 14/08/2021** **Publication Date:31/08/2021**

- ਖੇਤੀਬਾੜੀ ਤੇ ਨਿਵੇਸ਼ ਵਧਾਇਆ ਜਾਵੇ ਤਾਂ ਕੀ ਖੇਤੀ ਦੀ ਉਤਪਾਦਕਤਾ ਅਤੇ ਉਤਪਾਦਨ ਦੋਵੇਂ ਵੱਧਣ ਜਿਸ ਨਾਲ ਕਿਸਾਨ ਅਤੇ ਦੇਸ਼ ਦੀ ਆਮਦਨ ਵਿੱਚ ਵਾਧਾ ਹੋਵੇਗਾ ਅਤੇ ਪੇਂਡੂ-ਸ਼ਹਿਰੀ ਪ੍ਰਵਾਸ ਘੱਟੇ।
- ਇਸ ਤੋਂ ਇਲਾਵਾ ਮੁੱਢਲੀਆਂ ਸੁਵਿਧਾਵਾਂ ਜਿਵੇਂ ਕੀ ਬੈਂਕਿੰਗ, ਆਵਾਜਾਈ ਦੇ ਸਾਧਨ, ਹਸਪਤਾਲ, ਸਕੂਲਾਂ ਆਦਿ ਪਿੰਡਾਂ ਵਿੱਚ ਵੀ ਵਿਸਥਾਰ ਕੀਤਾ ਜਾਵੇ।

## 7. ਸਿੱਟੇ :

ਅੰਤ ਵਿੱਚ ਇਸ ਖੋਜ ਪਰਚੇ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਸ਼ਹਿਰੀਕਰਨ ਦੇਸ਼ ਦੇ ਆਰਥਿਕ ਵਿਕਾਸ ਲਈ ਵਧੀਆ ਮੰਨਿਆ ਜਾਂਦਾ ਹੈ ਜੇਕਰ ਇਹ ਧਿਆਨ ਨਾਲ ਸੰਚਾਲਿਤ ਹੋਵੇ। ਪਰੰਤੂ ਭਾਰਤ ਵਿੱਚ ਸ਼ਹਿਰੀਕਰਨ ਦੀ ਅਸਫਲਤਾ ਦਾ ਮੁੱਖ ਕਾਰਨ ਹਾਊਸਿੰਗ ਦੀ ਜ਼ਿਆਦਾ ਮੰਗ ਪਰ ਲਗਾਤਾਰ ਇਸਦੀ ਕਿੱਲਤ ਕਾਰਨ ਬਸਤੀਆਂ ਦੀ ਉਤਪਤੀ ਹੋ ਰਹੀ ਹੈ, ਗਰੀਬੀ ਤੇ ਬੇਰੁਜ਼ਗਾਰੀ ਵਿੱਚ ਵਾਧਾ ਹੋ ਰਿਹਾ ਹੈ ਅਤੇ ਬਸਤੀ ਵਸਨੀਕਾਂ ਦੀ ਸਿਹਤ ਉਤੇ ਬੁਰਾ ਅਸਰ ਹੋ ਰਿਹਾ ਹੈ ਜੋ ਕਿ ਦੇਸ਼ ਦੇ ਸਮੁੱਚੇ ਵਿਕਾਸ ਵਿੱਚ ਰੁਕਾਵਟਾਂ ਹਨ। ਇਸ ਲਈ ਇਸ ਸਮੇਂ ਸਰਕਾਰ ਨੂੰ ਵਿਆਪਕ ਪ੍ਰਗਤੀ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ ਤਾਂ ਜੋ ਕਿ ਸ਼ਹਿਰਾਂ ਅਤੇ ਕਸਬਿਆਂ ਦੇ ਸਭ ਤੋਂ ਪਿਛੜੇ ਹੋਏ ਇਲਾਕਿਆਂ ਵਿੱਚ ਮੁੱਢਲੀਆਂ ਸੁਵਿਧਾਵਾਂ ਮੁਹੱਈਆ ਕਰਵਾਈਆਂ ਜਾਣ ਅਤੇ ਸਰਬਪੱਖੀ ਵਿਕਾਸ ਹੋ ਸਕੇ।

## ਹਵਾਲੇ:


1. Bhatt, M. (1972). Housing Problem of a Growing Metropolis. *Economic and Political Weekly*, 7(7): 849-851. Retrieved March 29, 2016 from: http:/www.jstor.org/stable/4361281
2. Bradshaw, Y.W. (1987). Urbanization and Underdevelopment: A Global Study of Modernization, Urban Bias and Economic Dependency. *American Sociological Review*, 56(2): 224-239. Retrieved April 26, 2016 from: http://www.jstor.org/stable/2095451
3. Census of India (2011). Primary Census Abstract for Slums. *Office of Registrar General and Census Commissioner*, India, New Delhi.
4. GoI (2009); Urban Poverty Report. *Ministry of Housing and Urban Poverty Alleviation*, Government of India, New Delhi
5. GoI (2013). State of Slums in India: A Statistical Compendium. *Ministry of Housing and Urban Poverty Alleviation*, India, New Delhi.
6. Hota, P.C. (1997). India: Challenges of the 21st Century. Indian *Journal of Political Science*, 58(1): 1-27. Retrieved 1 December, 2016 from: http://www.jstor.org/stable/41855746
7. Kumar, N. & Aggarwal, S.C. (2008). Level of Poverty and Employment Pattern in Slums: A Case of Gwalior in Central India. *The Indian Journal of Labour Economics Vol.51*, No.2, 2008
8. Nijam, J. (2012). India in the Urban Revolution. *Indian Anthropologist*, 42(2): 1-17. Retrieved March 29, 2016 from: http://www.jstor.org/stable/41922303
9. Sivam, A. & Karuppannan, S. (2002). Role of State and Market in Housing Delivery for Low-Income Groups in India. *Journal of Housing and Built Environment*, 17(1): 69-88. Retrieved March 29, 2016 from: http://www.jstor.org/stable/41107204
10. Tangri, S.S. (1968). Urban Growth, Housing and Economic Development: The Case of India. *Asian Survey*, 8(7): 519-538. Retrieved from April 26, 2016 from: http://www.jstor.org/stable/2642625